# ਸਾਗਾ 2024 – ਜ਼ਰੂਰੀ ਜਾਣਕਾਰੀ

ਕੇਸ ਸੰਭਾਲ ਪ੍ਰਚਾਰ ਸੰਸਥਾ ਦੁਆਰਾ ਹਰ ਸਾਲ ਕਰਵਾਏ ਜਾਣ ਵਾਲੇ ਸਾਗਾ ਮੁਕਾਬਲਿਆਂ ਦੀ ਲੜੀ ਵਿੱਚ 2024 ਦਾ ਸਾਗਾ ਮੁਕਾਬਲਾ ਅਪ੍ਰੈਲ 2024 ਵਿੱਚ ਕਰਵਾਇਆ ਜਾ ਰਿਹਾ ਹੈ। ਮੁਕਾਬਲੇ ਵਿੱਚ ਹਿੱਸਾ ਲੈਣ ਵਾਲਿਆ ਲਈ ਜ਼ਰੂਰੀ ਜਾਣਕਾਰੀ ਹੇਠਾਂ ਦਿੱਤੀ ਗਈ ਹੈ:-

**ਕੌਣ ਹਿੱਸਾ ਲੈ ਸਕਦੇ ਹਨ:-** ਸਿੱਖ ਲੜਕੇ ਤੇ ਲੜਕੀਆਂ ਜਿਨ੍ਹਾਂ ਦੀ ਜਨਮ ਥਿਤੀ 1 ਅਪ੍ਰੈਲ 2001 ਤੋਂ ਲੈ ਕੇ 31 ਮਾਰਚ 2009 ਤੱਕ ਪੈਂਦੀ ਹੈ,

**ਹਿੱਸਾ ਲੈਣ ਦੀ ਵਿਧੀ:-** ਜੇਕਰ ਆਪ ਅੰਮ੍ਰਿਤਸਰ ਵਿੱਚ ਰਹਿੰਦੇ ਹੋ ਤਾਂ ਤੁਰੰਤ ਆਪਣੀ ਰਜਿਸਟ੍ਰੇਸ਼ਨ ਕਰਵਾਓ। ਜੇਕਰ ਆਪ ਭਾਰਤ ਦੇ ਕਿਸੇ ਦੂਸਰੇ ਸ਼ਹਿਰ ਵਿੱਚ ਰਹਿੰਦੇ ਹੋ ਤਾਂ ਹੇਠ ਲਿਖੇ ਕੋਆਰਡੀਨੇਟਰਜ਼ ਨਾਲ ਤੁਰੰਤ ਸੰਪਰਕ ਕਰੋ।

ਪੰਜਾਬ (ਸਾਰੇ ਸ਼ਹਿਰ ਤੇ ਚੰਡੀਗੜ੍ਹ) ਸੀ.ਏ. ਜਸਵਿੰਦਰ ਸਿੰਘ 9814160550

| ਅੰਮ੍ਰਿਤਸਰ | ਜਲੰਧਰ | ਲੁਧਿਆਣਾ |
|---|---|---|
| ਸੁਰਿੰਦਰਜੀਤ ਸਿੰਘ 'ਪਾਲ' | ਜਸਜੀਤ ਕੌਰ | ਦਮਨਪ੍ਰੀਤ ਸਿੰਘ |
| 7303685643 | 9878837274 | 9988009497 |
| ਡਾ.ਤਜਿੰਦਰ ਪਾਲ ਸਿੰਘ | | |
| 9876197457 | | |

ਹਰਿਆਣਾ: ਡਾ. ਹਰਦੀਪ ਸਿੰਘ 9992220444,
ਦਿੱਲੀ: ਇੰਦਰਜੀਤ ਸਿੰਘ ਚੱਡਾ 9910634443
ਰਾਜਸਥਾਨ: ਮਨਜੀਤ ਕੌਰ 9950621631,
ਮੱਧ ਪ੍ਰਦੇਸ਼: ਜਸਵਿੰਦਰ ਸਿੰਘ 9981109992
ਤੇਲੰਗਾਨਾ: ਵਿਸ਼ਾਲ ਸਿੰਘ 8688234385,
ਮਹਾਂਰਾਸ਼ਟਰਾ: ਐਸ.ਐਸ. ਆਹਲੂਵਾਲੀਆ 9822254529

**ਰਜਿਸਟ੍ਰੇਸ਼ਨ ਕਿਨਾਂ ਨੇ ਕਰਵਾਉਣੀ ਹੈ:-** ਅੰਮ੍ਰਿਤਸਰ ਵਿੱਚ ਰਹਿਣ ਵਾਲਿਆ ਨੇ ਸਾਰਿਆਂ ਨੇ ਰਜਿਸਟ੍ਰੇਸ਼ਨ ਕਰਵਾਉਣੀ ਹੈ ਜਿਨ੍ਹਾਂ ਨੇ ਮੁਕਾਬਲੇ ਵਿੱਚ ਹਿੱਸਾ ਲੈਣਾ ਹੈ।ਬਾਕੀ ਅਸਥਾਨਾਂ ਤੇ ਰਹਿਣ ਵਾਲੇ ਆਪਣੇ ਇਲਾਕੇ ਦੇ ਕੋਆਰਡੀਨੇਟਰ ਨਾਲ ਸੰਪਰਕ ਕਰਨ। ਉਹਨਾਂ ਵਿੱਚੋਂ ਉਹ ਤਿੰਨ ਸਭ ਤੋਂ ਯੋਗ ਬੱਚੇ ਚੁਣ ਕੇ ਫਾਈਨਲ ਵਿੱਚ ਭੇਜਣਗੇ। ਜੋ ਫਾਈਨਲ ਵਿੱਚ ਆਣ ਲਈ ਚੁਣੇ ਜਾਣਗੇ, ਉਹਨਾਂ ਨੇ ਆਪਣੀ ਰਜਿਸਟ੍ਰੇਸ਼ਨ ਕਰਵਾਉਣੀ ਹੈ।

**ਰਜਿਸਟ੍ਰੇਸ਼ਨ ਫੀਸ ਕਿੰਨੀ ਹੈ:-** ਸਾਰੇ ਜੋ ਫਾਈਨਲ ਵਿੱਚ ਹਿੱਸਾ ਲੈਣਗੇ ਉਹਨਾਂ ਨੂੰ 200/- ਰੁਪਏ ਰਜਿਸਟ੍ਰੇਸ਼ਨ ਫੀਸ ਦੇਣੀ ਪਵੇਗੀ।

**ਰਜਿਸਟ੍ਰੇਸ਼ਨ ਕਦੋਂ ਤੇ ਕਿੱਥੇ ਕਰਵਾਉਣੀ ਹੈ:-** ਰਜਿਸਟ੍ਰੇਸ਼ਨ 1 ਅਪ੍ਰੈਲ 2024 ਤੋਂ ਲੈ ਕੇ 20 ਅਪ੍ਰੈਲ 2024 ਤੱਕ ਕਰਵਾਈ ਜਾ ਸਕਦੀ ਹੈ।ਇਸ ਲਈ ਆਪਣੀ ਫੀਸ ਜਮ੍ਹਾਂ ਦੀ ਰਸੀਦ ਜਾਂ ਸਕਰੀਨ ਸ਼ਾਟ ਨਾਲ, ਆਪਣਾ ਨਾਮ, ਜਨਮ ਥਿਤੀ, ਪਿਤਾ ਦਾ ਨਾਮ, ਘਰ ਦਾ ਪਤਾ ਤੇ ਮੋਬਾਇਲ ਨੰ. ਦੇ ਵੇਰਵੇ ਮੋਬਾਇਲ ਨੰ. 7009420944 ਤੇ ਵਾਟਐਪ ਕਰਕੇ ਭੇਜਣੇ ਹਨ। ਆਪ ਨੂੰ ਆਪਦਾ ਰਜਿਸਟ੍ਰੇਸ਼ਨ ਨੰ. ਭੇਜ ਦਿੱਤਾ ਜਾਵੇਗਾ।

ਫੀਸ ਕਿੱਥੇ ਜਮ੍ਹਾਂ ਕਰਵਾਉਣੀ ਹੈ:-

ਸੰਸਥਾ ਦੇ ਬੈਂਕ ਅਕਾਊਂਟ ਨੰ. 09181000003264, (**IFSC CODE:- PSIB0000075**) ਪੰਜਾਬ ਐਂਡ ਸਿੰਧ ਬੈਂਕ, ਰਾਜ਼ੋਰੀ ਗਾਰਡਨ, ਨਵੀਂ ਦਿੱਲੀ ਵਿਖੇ ਕੈਸ਼ ਜਾਂ ਚੈੱਕ ਰਾਹੀਂ ਜਮ੍ਹਾਂ ਕਰਵਾਓ।

ਜਾਂ ਬੈਂਕ ਅਕਾਊਂਟ ਨੰ. 50200074967288, ਐਚ.ਡੀ.ਐਫ.ਸੀ. ਬੈਂਕ, ਲੁਧਿਆਣਾ ਬ੍ਰਾਂਚ (**IFSC CODE:- HDFC0000855**) ਵਿੱਚ ਜਮ੍ਹਾਂ ਕਰਵਾ ਸਕਦੇ ਹੋ। ਜਾਂ ਇਸ ਬੈਂਕ ਵਿੱਚ ਹੇਠ ਦਿੱਤੇ ਬਾਰ ਕੋਡ (**QR CODE**) ਦਾ ਇਸਤੇਮਾਲ ਕਰਕੇ ਆਨਲਾਇਨ ਜਮ੍ਹਾਂ ਕਰਵਾ ਸਕਦੇ ਹੋ।

ਫਾਈਨਲ ਮੁਕਾਲਬੇ ਦੀ ਤਿਥੀ ਤੇ ਅਸਥਾਨ :-

ਇਸ ਮੁਕਾਬਲੇ ਦਾ ਫਾਈਨਲ 27 ਅਪ੍ਰੈਲ 2024 ਨੂੰ, ਵਿਰਸਾ ਵਿਹਾਰ, ਟੇਲਰ ਰੋਡ, ਗਾਂਧੀ ਗਰਾਊਂਡ ਦੇ ਨਜ਼ਦੀਕ, ਅੰਮ੍ਰਿਤਸਰ ਵਿਖੇ ਕਰਵਾਇਆ ਜਾਵੇਗਾ। ਸਾਰੇ ਬੱਚੇ ਜੋ ਇਸ ਵਿੱਚ ਹਿੱਸਾ ਲੈਣਗੇ ਉਹਨਾਂ ਨੂੰ ਆਪਣੇ ਸ਼ਹਿਰ ਤੋਂ ਅੰਮ੍ਰਿਤਸਰ ਤੱਕ ਦਾ **AC 3Tier** ਦਾ ਰੇਲ ਕਿਰਾਇਆ ਦਿੱਤਾ ਜਾਵੇਗਾ। ਉਹਨਾਂ ਨਾਲ ਜੋ ਕੋਆਰਡੀਨੇਟਰ ਆਵੇਗਾ ਉਸ ਨੂੰ ਵੀ ਕਿਰਾਏ ਦੀ ਸਹੂਲਤ ਦਿਤੀ ਜਾਵੇਗੀ। ਅੰਮ੍ਰਿਤਸਰ ਵਿੱਚ ਰਹਿਣ ਦਾ ਤੇ ਕਿਤੇ ਵੀ ਜਾਣ ਦਾ ਖਰਚਾ ਉਹਨਾਂ ਨੂੰ ਆਪ ਕਰਨਾ ਪਵੇਗਾ। ਅਗਰ ਇਸ ਪੱਖੋ ਕੋਈ ਜਾਣਕਾਰੀ ਜਾਂ ਬੁਕਿੰਗ ਕਰਵਾਉਣ ਵਿੱਚ ਮੱਦਦ ਦੀ ਜ਼ਰੂਰਤ ਪਵੇਗੀ ਤਾਂ ਉਹ ਸੰਸਥਾ ਨੂੰ ਬੇਨਤੀ ਕਰ ਸਕਦੇ ਹਨ।

ਮੁਕਾਬਲਾ ਕਿਸ ਤਰ੍ਹਾਂ ਦਾ ਹੋਵੇਗਾ:-

ਇਹ ਮੁਕਾਬਲਾ ਗੁਰਮਤਿ ਫੈਸ਼ਨ ਸ਼ੋਅ ਵਰਗਾ ਹੁੰਦਾ ਹੈ ਜਿਸ ਵਿੱਚ ਤਿੰਨ ਰਾਉਂਡ ਹੁੰਦੇ ਹਨ ਇਸ ਲਈ ਸਾਡੀ ਸਾਈਟ **sikhpride.org** ਜਾਂ ਸਾਡੇ ਫੇਸਬੁੱਕ ਪੇਜ਼ **https://www.facebook.com/SJSPall.KSPS** ਤੇ ਸਾਗਾ ਵਾਲੀ ਵਿਡਿਊ ਦੇਖੀ ਜਾ ਸਕਦੀ ਹੈ।

ਇਨਾਮਾਂ ਦਾ ਵੇਰਵਾ:-

1) ਜੋ ਲੜਕਾ/ਲੜਕੀ ਇਸ ਮੁਕਾਬਲੇ ਦੇ ਸਾਰੇ ਰਾਊਂਡਜ਼ ਵਿੱਚ ਪ੍ਰਾਪਤ ਕੀਤੇ ਹੋਏ ਅੰਕਾਂ ਦੇ ਅਧਾਰ ਤੇ ਪਹਿਲੇ ਨੰਬਰ ਤੇ ਆਉਣਗੇ ਉਹਨਾਂ ਨੂੰ ਹੀ ਖ਼ਾਲਸਾ ਤੇ ਸ਼ੀ ਖ਼ਾਲਸਾ ਦਾ ਖਿਤਾਬ ਦਿੱਤਾ ਜਾਵੇਗਾ। ਉਹ ਦੋਨੋਂ ਮੋਮੈਂਟੋ, ਪੁਸਤਕਾਂ, ਸਰਟੀਫਿਕੇਟ ਤੇ 15000/- ਦੇ ਨਗਦ ਇਨਾਮ ਦੇ ਹੱਕਦਾਰ ਹੋਣਗੇ। ਉਹਨਾਂ ਨੂੰ ਸੰਸਥਾ ਵਿੱਚ ਤਿੰਨ ਸਾਲ ਲਈ ਬਗੈਰ ਸਲਾਨਾ ਚੰਦਾ ਦਿੱਤੇ ਹੋਏ ਨਿਯਮਾਂ ਅਨੁਸਾਰ ਮੈਂਬਰਸ਼ਿਪ ਦਿੱਤੀ ਜਾਵੇਗੀ।

ਜੋ ਲੜਕਾ ਜਾਂ ਲੜਕੀ ਦੂਜੇ ਤੇ ਤੀਜੇ ਨੰਬਰ ਤੇ ਆਉਣਗੇ ਉਹਨਾਂ ਨੂੰ ਨਗਦ ਇਨਾਮ 10000/- ਰੁਪਏ ਤੇ 5000/- ਰੁਪਏ ਦਿੱਤੇ ਜਾਣਗੇ।ਬਾਕੀ ਸਾਰੇ ਇਨਾਮ ਉੱਪਰ ਲਿਖੇ ਵਾਲੇ ਹੀ ਹੋਣਗੇ।

ਇਹਨਾਂ ਚਾਰ ਇਨਾਮਾਂ ਤੋਂ ਇਲਾਵਾ ਬੈਸਟ ਡਰੈਸ ਤੇ ਬੈਸਟ ਟੇਲੈਂਟ ਆਈਟਮ ਲਈ ਵੀ ਹੌਸਲਾ ਵਧਾਊ ਇਨਾਮ ਦਿੱਤੇ ਜਾਣਗੇ।

ਫਾਈਨਲ ਵਿੱਚ ਹਿੱਸਾ ਲੈਣ ਵਾਲੇ ਹਰ ਵਿਦਿਆਰਥੀ ਨੂੰ ਆਉਣ-ਜਾਣ ਦੇ ਕਿਰਾਏ ਤੋਂ ਇਲਾਵਾ ਕਿਤਾਬ ਤੇ ਸਰਟੀਫਿਕੇਟ ਦਿੱਤੇ ਜਾਣਗੇ।

ਤੀਸਰੀ ਰਾਊਂਡ ਲਈ ਤਿਆਰੀ
ਕਿਵੇਂ ਕਰਨੀ ਹੈ :-

ਗੁਰਮਤਿ ਗਿਆਨ ਲਈ ਸੰਸਥਾ ਦੀ ਸਾਇਟ **Gurmatquiz.in** ਤੇ ਜਾ ਜੇ ਗੁਰੂਆਂ ਬਾਰੇ, ਗੁਰਬਾਣੀ ਬਾਰੇ, ਤੇ ਸਿੱਖ ਇਤਿਹਾਸ ਬਾਰੇ ਸੁਆਲ-ਜੁਆਬ ਪੜ੍ਹ ਸਕਦੇ ਹੋ।ਅਗਰ ਆਪ ਪੁਸਤਕ ਰੂਪ ਵਿੱਚ ਪੜ੍ਹਨਾ ਚਾਹੋ ਤਾਂ ਸੁਰਿੰਦਰਜੀਤ ਸਿੰਘ ‘ਪਾਲ’ ਦੁਆਰਾ ਲਿਖੀ ਪੁਸਤਕ ਸਿੱਖ ਧਰਮ ਸੰਖੇਪ ਜਾਣਕਾਰੀ ਪ੍ਰਸ਼ਨ-ਉੱਤਰ ਵਿੱਚੋਂ ਪੜ੍ਹ ਸਕਦੇ ਹੋ। ਇਹ ਪੁਸਤਕ ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਦੁਆਰਾ ਛਾਪੀ ਗਈ ਹੈ ਤੇ ਉਹਨਾਂ ਕੋਲੋਂ ਮਿਲ ਸਕਦੀ ਹੈ।ਹੋਰ ਵੀ ਕਿਸੇ ਪੁਸਤਕ ਤੋਂ ਆਪ ਜੀ ਸਿੱਖ ਧਰਮ ਬਾਰੇ ਜਾਣਕਾਰੀ ਹਾਸਲ ਕਰ ਸਕਦੇ ਹੋ।